BRAMPTON Media Release

ਤੁਰੰਤ ਰਿਲੀਜ਼ ਲਈ

# ਸਿਟੀ ਨੂੰ ਸੁਜ਼ੈਨ ਫੇਨਲ ਸਪੋਰਟਸਪਲੈਕਸ ਵਿੱਚ ਊਰਜਾ-ਪ੍ਰਭਾਵੀ ਅੱਪਗ੍ਰੇਡਸ ਲਈ ਕੈਨੇਡਾ ਸਰਕਾਰ ਤੋਂ 15.7 ਮਿਲੀਅਨ ਡਾਲਰ ਤੋਂ ਵੱਧ ਦੀ ਫੰਡਿੰਗ ਮਿਲੀ ਹੈ

ਬ੍ਰੈਂਪਟਨ, ਓਨਟੈਰੀਓ (19 ਜੁਲਾਈ, 2022) – ਅੱਜ, ਮਿਨਿਸਟਰ ਆਫ ਇੰਟਰਗਵਰਨਮੈਂਟਲ ਅਫੇਅਰਸ, ਇੰਫਰਾਸਟ੍ਰਕਚਰ ਐਂਡ ਕਮਿਉਨਿਟੀਜ਼, ਸਨਮਾਨਯੋਗ ਡੋਮਿਨਿਕ ਲੇਬਲਾਂਕ (Dominic LeBlanc) ਦੇ ਵੱਲੋਂ, ਬ੍ਰੈਂਪਟਨ ਸਾਊਥ ਲਈ ਮੈਂਬਰ ਆਫ ਪਾਰਲੀਆਮੈਂਟ, ਸੋਨੀਆ ਸਿੱਧੂ (Sonia Sidhu) ਅਤੇ ਮੇਅਰ ਪੈਟਰਿਕ ਬ੍ਰਾਊਨ (Patrick Brown) ਨੇ, ਬ੍ਰੈਂਪਟਨ ਵਿੱਚ ਸੁਜ਼ੈਨ ਫੇਨਲ ਸਪੋਰਟਸਪਲੈਕਸ (Susan Fennell Sportsplex) ਵਿੱਚ ਡੀਪ ਐਨਰਜੀ (Deep Energy) ਸੋਧਾਂ ਲਈ, 15.7 ਮਿਲੀਅਨ ਡਾਲਰ ਤੋਂ ਵੱਧ ਦੀ ਫੰਡਿੰਗ ਦਾ ਐਲਾਨ ਕੀਤਾ।

ਇਹ ਫੰਡਿੰਗ, ਗ੍ਰੀਨਹਾਊਸ ਗੈਸ ਨਿਕਾਸੀਆਂ ਨੂੰ ਘਟਾਉਣ ਅਤੇ ਸਪੋਰਟਸਪਲੈਕਸ ਦੀ ਊਰਜਾ ਪ੍ਰਭਾਵਿਕਤਾ ਨੂੰ ਵਧਾਉਣ ਲਈ ਕੁਝ ਅੱਪਗ੍ਰੇਡਸ ਵਿੱਚ ਸਹਾਇਤਾ ਕਰੇਗੀ। ਇਸ ਕੰਮ ਵਿੱਚ ਸ਼ਾਮਲ ਹੈ, ਫੈਸਿਲਿਟੀ ਦੇ ਰੈਫਰੀਜਰੇਸ਼ਨ ਪਲਾਂਟਸ, ਐਚ.ਏ.ਵੀ.ਸੀ. (HVAC) ਸਿਸਟਮਾਂ, ਬਿਲਡਿੰਗ ਆਟੋਮੇਸ਼ਨ ਸਿਸਟਮ ਅਤੇ ਲਾਈਟਿੰਗ ਨੂੰ ਅੱਪਗ੍ਰੇਡ ਕਰਨਾ। ਇਸ ਵਿੱਚ ਇਲੈਕਟ੍ਰੀਸਿਟੀ ਦੀਆਂ ਲਾਗਤਾਂ ਨੂੰ ਰੋਕਣ ਵਾਸਤੇ, ਬੈਟਰੀ ਊਰਜਾ ਸਟੋਰੇਜ ਸਿਸਟਮ ਅਤੇ ਹੀਟ ਟ੍ਰਾਂਸਫਰ ਦੇ ਸਾਧਨ ਵਜੋਂ, ਧਰਤੀ ਦੀ ਵਰਤੋਂ ਕਰਦੇ ਹੋਏ ਫੈਸਿਲਿਟੀ ਨੂੰ ਗਰਮ ਅਤੇ ਠੰਡਾ ਕਰਨ ਵਾਸਤੇ, ਜਿਓਥਰਮਲ ਸਿਸਟਮ ਦੀ ਇੰਸਟਾਲੇਸ਼ਨ ਵੀ ਸ਼ਾਮਲ ਹੈ। ਇਹ ਸੋਧ, ਕੁਦਰਤੀ ਗੈਸ ਖਪਤ ਨੂੰ ਅਤੇ ਇਸ ਫੈਸਿਲਿਟੀ ਨੂੰ ਨੈੱਟ ਜ਼ੀਰੋ ਫੈਸਿਲਿਟੀ ਵਿੱਚ ਬਦਲਣ ਵਾਸਤੇ, ਗ੍ਰੀਨਹਾਊਸ ਗੈਸ ਨਿਕਾਸੀਆਂ ਨੂੰ ਕਾਫੀ ਹੱਦ ਤੱਕ ਘਟਾਉਣਗੇ।

ਇਸ ਵੇਲੇ ਸੁਜ਼ੈਨ ਫੇਨਲ ਸਪੋਰਟਸਪਲੈਕਸ ਦੇ ਇੱਕ ਹਿੱਸੇ ਨੂੰ, ਪੁਰਾਣੇ ਰੇਕ੍ਰੀਏਸ਼ਨ ਸੈਂਟਰ ਦਾ ਪੁਨਰ ਨਿਰਮਾਣ ਕਰਨ ਲਈ ਉਸਾਰੀ ਵਾਸਤੇ ਪਬਲਿਕ ਲਈ ਬੰਦ ਕੀਤਾ ਗਿਆ ਹੈ। ਸੁਜ਼ੈਨ ਫੇਨਲ ਸਪੋਰਟਸਪਲੈਕਸ ਵਿਖੇ ਉਸਾਰੀ ਦਾ ਮਾਰਗਦਰਸ਼ਨ, ਪਾਰਕਸ ਐਂਡ ਰੇਕ੍ਰੀਏਸ਼ਨ ਮਾਸਟਰ ਪਲਾਨ (ਪੀ.ਆਰ.ਐਮ.ਪੀ.) (Parks and Recreation Master Plan) (PRMP) ਵੱਲੋਂ ਕੀਤਾ ਜਾ ਰਿਹਾ ਹੈ ਅਤੇ ਇਹ, ਕਮਿਉਨਿਟੀ ਨੂੰ ਬਿਹਤਰ ਸੇਵਾ ਦੇਣ ਲਈ ਅਤੇ ਰੇਕ੍ਰੀਏਸ਼ਨ ਸੈਂਟਰਾਂ ਦਾ ਪੁਨਰ ਨਿਰਮਾਣ ਕਰਨ ਲਈ, ਸਿਟੀ ਆਫ ਬ੍ਰੈਂਪਟਨ ਦੇ ਪਲਾਨ ਦਾ ਹਿੱਸਾ ਹੈ।

ਸਿਟੀ ਆਫ ਬ੍ਰੈਂਪਟਨ ਨੇ ਜ਼ੀਰੋ ਕਾਰਬਨ ਸੋਧ ਵਾਸਤੇ ਸੁਜ਼ੈਨ ਫੇਨਲ ਸਪੋਰਟਸਪਲੈਕਸ ਦੀ ਚੋਣ ਇਸਲਈ ਕੀਤੀ ਸੀ ਕਿਉਂਕਿ ਰੇਕ੍ਰੀਏਸ਼ਨ ਸੈਂਟਰ, ਹਰ ਸਾਲ ਲਗਭਗ 1,135 ਟਨ ਕਾਰਬਨ ਡਾਈਆਕਸਾਈਡ ਛੱਡਦਾ ਹੈ, ਜੋ ਲਗਭਗ 240 ਕਾਰਾਂ ਤੋਂ ਪੈਦਾ ਹੋਣ ਵਾਲੀਆਂ ਜੀ.ਐਚ.ਜੀ. (GHG) ਨਿਕਾਸੀਆਂ ਦੇ ਬਰਾਬਰ ਹੈ।

ਬ੍ਰੈਂਪਟਨ ਦੇ ਕਮਿਉਨਿਟੀ ਸੈਂਟਰਾਂ ਲਈ ਨਵਿਆਉਣ ਪਲਾਨ ਬਾਰੇ, ਇੱਥੇ (here) ਹੋਰ ਜਾਣਕਾਰੀ ਪ੍ਰਾਪਤ ਕਰੋ। ਕੈਨੇਡਾ ਸਰਕਾਰ ਦੇ ਗ੍ਰੀਨ ਐਂਡ ਇਨਕਲੂਸਿਵ ਕਮਿਉਨਿਟੀ ਬਿਲਡਿੰਗਸ (Green and Inclusive Community Buildings) ਪ੍ਰੋਗਰਾਮ ਬਾਰੇ, ਇੱਥੇ (here) ਹੋਰ ਜਾਣਕਾਰੀ ਪ੍ਰਾਪਤ ਕਰੋ।

**ਹਵਾਲੇ**

"ਸੁਜ਼ੈਨ ਫੇਨਲ ਸਪੋਰਟਸਪਲੈਕਸ ਲਈ ਊਰਜਾ-ਪ੍ਰਭਾਵੀ ਅੱਪਗ੍ਰੇਡਸ ਲਈ ਕੈਨੇਡਾ ਸਰਕਾਰ ਵਿਖੇ ਸਾਡੇ ਭਾਈਵਾਲਾਂ ਦੇ ਨਿਵੇਸ਼ ਲਈ ਉਹਨਾਂ ਦਾ ਧੰਨਵਾਦ। ਬ੍ਰੈਂਪਟਨ ਗ੍ਰੀਨ ਸਿਟੀ ਹੈ ਅਤੇ ਅਸੀਂ, ਸਾਡੇ ਕਾਰਬਨ ਫੁੱਟਪ੍ਰਿੰਟ ਨੂੰ ਘਟਾਉਣ ਅਤੇ ਸਥਿਰਤਾ ਵਿੱਚ ਲੀਡਰ ਬਣਨ ਲਈ ਵਚਨਬੱਧ ਹਾਂ। ਇਹ ਨਿਵੇਸ਼, ਬਾਲਣ ਖਪਤ ਨੂੰ ਘਟਾਉਣ ਅਤੇ ਗ੍ਰੀਨਹਾਊਸ ਗੈਸ ਨਿਕਾਸੀਆਂ ਨੂੰ ਘੱਟ ਕਰਨ ਅਤੇ ਸਾਡੇ ਨਿਵਾਸੀਆਂ ਨੂੰ ਇੱਕ ਆਧੁਨਿਕ ਅਤੇ ਊਰਜਾ ਪ੍ਰਭਾਵੀ ਫੈਸਿਲਿਟੀ ਪ੍ਰਦਾਨ ਕਰਨ ਵਿੱਚ ਸਾਡੀ ਮਦਦ ਕਰੇਗਾ, ਜਿੱਥੇ ਉਹ ਸਾਡੇ ਸ਼ਾਨਦਾਰ ਰੇਕ੍ਰੀਏਸ਼ਨਲ ਪ੍ਰੋਗਰਾਮਾਂ ਦਾ ਅਨੰਦ ਮਾਣ ਸਕਣ ਅਤੇ ਸਿਹਤਮੰਦ ਅਤੇ ਕਿਰਿਆਸ਼ੀਲ ਜੀਵਨਸ਼ੈਲੀ ਕਾਇਮ ਰੱਖ ਸਕਣ।"

- *ਪੈਟਰਿਕ ਬ੍ਰਾਊਨ* (Patrick Brown), *ਮੇਅਰ, ਸਿਟੀ ਆਫ ਬ੍ਰੈਂਪਟਨ*

"ਸਿਟੀ ਆਫ ਬ੍ਰੈਂਪਟਨ, ਸਾਡੇ ਨਿਵਾਸੀਆਂ ਲਈ ਲਚਕਤਾ ਵਾਲੀਆਂ, ਮਲਟੀ-ਯੂਜ, ਮਲਟੀ-ਜੈਨਰੇਸ਼ਨਲ ਅਤੇ ਮਲਟੀ-ਸੀਜਨ ਫੈਸਿਲਿਟੀਜ ਪ੍ਰਦਾਨ ਕਰਨ ਲਈ, ਸਥਿਰਤਾ ਤੇ ਧਿਆਨ ਕੇਂਦਰਿਤ ਕਰਕੇ ਸਾਡੇ ਵੱਧ ਪੁਰਾਣੇ ਰੇਕ੍ਰੀਏਸ਼ਨ ਸੈਂਟਰਾਂ ਦਾ ਪੁਨਰ ਨਿਰਮਾਣ ਕਰਨ ਲਈ ਸਮਰਪਿਤ ਹੈ, ਤਾਂ ਜੋ ਉਹ ਸਿਹਤਮੰਦ ਅਤੇ ਕਿਰਿਆਸ਼ੀਲ ਜੀਵਨਸ਼ੈਲੀ ਕਾਇਮ ਰੱਖ ਸਕਣ। ਅਸੀਂ, ਸੁਜੈਨ ਫੇਨਲ ਸਪੋਰਟਸਪਲੈਕਸ ਵਿੱਚ ਕੈਨੇਡਾ ਸਰਕਾਰ ਦੇ ਨਿਵੇਸ਼ ਲਈ ਉਹਨਾਂ ਦਾ ਧੰਨਵਾਦ ਕਰਦੇ ਹਾਂ, ਜਦੋਂ ਅਸੀਂ ਇਸ ਫੈਸਿਲਿਟੀ ਵਿਖੇ ਬਾਲਣ ਖਪਤ ਅਤੇ ਗ੍ਰੀਨਹਾਊਸ ਗੈਸ ਨਿਕਾਸੀਆਂ ਨੂੰ ਘਟਾਉਣ ਲਈ ਕੰਮ ਕਰ ਰਹੇ ਹਾਂ।"

- *ਪਾੱਲ ਵਿਸੇਂਟ* (Paul Vicente), *ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਚੇਅਰ, ਪਬਲਿਕ ਵਰਕਸ ਐਂਡ ਇੰਜੀਨੀਅਰਿੰਗ, ਸਿਟੀ ਆਫ ਬ੍ਰੈਂਪਟਨ*

"ਗ੍ਰੀਨ ਅਤੇ ਸਿਹਤਮੰਦ ਅਤੇ ਸੁਰੱਖਿਅਤ ਸ਼ਹਿਰ ਵਜੋਂ, ਅਸੀਂ ਸਾਡੇ ਨਿਵਾਸੀਆਂ ਲਈ ਆਧੁਨਿਕ ਰੇਕ੍ਰੀਏਸ਼ਨਲ ਮੌਕੇ ਪ੍ਰਦਾਨ ਕਰਨ ਅਤੇ ਸਥਿਰਤਾ ਦੇ ਨਾਲ ਸਾਡੀਆਂ ਫੈਸਿਲਿਟੀਜ ਦੇ ਪੁਨਰ ਨਿਰਮਾਣ ਤੇ ਸਭ ਤੋਂ ਵੱਧ ਧਿਆਨ ਦੇਣ ਤੇ ਕੇਂਦਰਿਤ ਹਾਂ। ਸੁਜੈਨ ਫੇਨਲ ਸਪੋਰਟਸਪਲੈਕਸ ਲਈ ਊਰਜਾ-ਪ੍ਰਭਾਵੀ ਅੱਪਗ੍ਰੇਡਸ ਲਈ ਕੈਨੇਡਾ ਸਰਕਾਰ ਦੇ ਨਿਵੇਸ਼ ਲਈ ਉਹਨਾਂ ਦਾ ਧੰਨਵਾਦ। ਅਸੀਂ ਬ੍ਰੈਂਪਟਨ ਵਿੱਚ ਨਿਵੇਸ਼ ਲਿਆਉਣ ਲਈ ਸਾਡੇ ਭਾਈਵਾਲਾਂ ਦੇ ਨਾਲ ਕੰਮ ਕਰਨਾ ਜਾਰੀ ਰੱਖਾਂਗੇ।"

- *ਪਾੱਲ ਮੋਰਿਸਨ* (Paul Morrison), *ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

"ਸੁਜੈਨ ਫੇਨਲ ਸਪੋਰਟਸਪਲੈਕਸ ਵਿੱਚ ਅੱਪਗ੍ਰੇਡਸ, ਬ੍ਰੈਂਪਟਨ ਦੇ ਨਿਵਾਸੀਆਂ ਨੂੰ ਆਧੁਨਿਕ ਅਤੇ ਊਰਜਾ ਪ੍ਰਭਾਵੀ ਫੈਸਿਲਿਟੀ ਪ੍ਰਦਾਨ ਕਰਨਗੇ, ਜਿੱਥੇ ਉਹ ਇਕੱਠੇ ਹੋ, ਪ੍ਰੋਗਰਾਮਿੰਗ ਤੱਕ ਪਹੁੰਚ ਅਤੇ ਕਿਰਿਆਸ਼ੀਲ ਰਹਿ ਸਕਣ। ਸਾਡੀ ਸਰਕਾਰ, ਅਜਿਹੇ ਇੰਫਰਾਸਟ੍ਰਕਚਰ ਪ੍ਰੋਜੈਕਟਾਂ ਵਿੱਚ ਨਿਵੇਸ਼ ਕਰਨਾ ਜਾਰੀ ਰੱਖੇਗੀ, ਜੋ ਸਾਡੀਆਂ ਕਮਿਉਨਿਟੀਜ ਨੂੰ ਮਜ਼ਬੂਤ ਬਣਾਉਂਦੇ ਹਨ ਅਤੇ ਸਾਡੇ ਅਰਥਚਾਰੇ ਵਿੱਚ ਵਾਧਾ ਕਰਦੇ ਹਨ।"

- *ਸੋਨੀਆ ਸਿੱਧੂ* (Sonia Sidhu), *ਮਿਨਿਸਟਰ ਆਫ ਇੰਟਰਗਵਰਨਮੈਂਟਲ ਅਫੇਅਰਸ, ਇੰਫਰਾਸਟ੍ਰਕਚਰ ਐਂਡ ਕਮਿਉਨਿਟੀਜ, ਸਨਮਾਨਯੋਗ ਡੋਮਿਨਿਕ ਲੇਬਲਾਂਕ* (Dominic LeBlanc) *ਦੇ ਵੱਲੋਂ, ਬ੍ਰੈਂਪਟਨ ਸਾਊਥ ਲਈ ਮੈਂਬਰ ਆਫ ਪਾਰਲੀਆਮੈਂਟ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 70,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ

multiculturalmedia@brampton.ca